# BUDHA DAL PUBLIC SCHOOL PATIALA
## Final Examination (22 March 2025)
**Class - VIII**
**Paper - Punjabi**
**Set - A**

**Time: 3 hrs.** **MM: 80**

ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ - ਖੁੱਲ੍ਹੀ ਕਰਨ ਦਾ ਜਤਨ ਕਰੋ।

### ਪੜ੍ਹਨ-ਕੌਸ਼ਲ

1) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ: (6)

ਪੰਜਾਬੀ ਸੱਭਿਆਚਾਰ ਬਹੁਤ ਪੁਰਾਣਾ ਤੇ ਅਮੀਰ ਹੈ। ਇਸ ਦੇ ਮੇਲੇ, ਤਿਉਹਾਰ, ਰਸਮ-ਰਿਵਾਜ, ਲੋਕ-ਗੀਤ, ਲੋਕ-ਨਾਚ, ਰਹਿਣ-ਸਹਿਣ, ਪਹਿਰਾਵਾ ਸਭ ਇਸ ਦਾ ਇੱਕ ਹਿੱਸਾ ਹਨ। ਪੰਜਾਬੀ ਮੇਲਿਆਂ ਅਤੇ ਤਿਉਹਾਰਾਂ ਦੇ ਬਹੁਤ ਸ਼ੁਕੀਨ ਹਨ। ਪੰਜਾਬੀ ਸੱਭਿਆਚਾਰ ਦਾ ਅਸਲੀ ਰੰਗ-ਢੰਗ ਵੇਖਣਾ ਹੋਵੇ ਤਾਂ ਮੇਲਿਆਂ ਵਿੱਚ ਜਾ ਕੇ ਹੀ ਪਤਾ ਲੱਗਦਾ ਹੈ। ਇਸ ਤਰ੍ਹਾਂ ਹੀ ਤਿਉਹਾਰ ਹਨ। ਤਿਉਹਾਰ ਸਾਲ ਵਿੱਚ ਵਾਰੀ-ਵਾਰੀ ਚੱਕਰ ਲਾਉਂਦੇ ਰਹਿੰਦੇ ਹਨ। ਅਸੀਂ ਕਹਿ ਸਕਦੇ ਹਾਂ ਕਿ ਇੱਕ ਪੰਜਾਬੀ, ਲੋਕ-ਗੀਤਾਂ ਵਿੱਚ ਹੀ ਜਨਮ ਲੈਂਦਾ ਹੈ ਤੇ ਲੋਕ-ਗੀਤਾਂ ਵਿੱਚ ਹੀ ਮਰਦਾ ਹੈ। ਪੰਜਾਬ ਦੇ ਰਸਮ-ਰਿਵਾਜ ਵੀ ਜਨਮ ਤੋਂ ਮਰਨ ਤੱਕ ਹੀ ਚਲਦੇ ਹਨ। ਪੰਜਾਬ ਦੇ ਲੋਕ-ਨਾਚ, ਗਿੱਧਾ, ਭੰਗੜਾ, ਝੂੰਮਰ, ਕਿੱਕਲੀ ਆਦਿ ਸੱਭਿਆਚਾਰ ਦੇ ਮੁੱਖ ਅੰਗ ਹਨ। ਪੰਜਾਬੀਆਂ ਦੇ ਰਹਿਣ-ਸਹਿਣ, ਪਹਿਰਾਵੇ ਤੋਂ ਪੰਜਾਬੀਆਂ ਦੀ ਦੂਰੋਂ ਹੀ ਪਛਾਣ ਹੋ ਜਾਂਦੀ ਹੈ। ਤਾਹੀਓਂ ਤਾਂ ਆਖਦੇ ਹਨ, ਪੰਜਾਬੀ ਹਜ਼ਾਰਾਂ ਵਿੱਚ ਖੜ੍ਹਾ ਵੀ ਦੂਰੋਂ ਪਛਾਣਿਆਂ ਜਾਂਦਾ ਹੈ।

ੳ) ਕਿਹੜਾ ਸਭਿਆਚਾਰ ਪੁਰਾਣਾ ਤੇ ਅਮੀਰ ਹੈ?

ਅ) ਪੰਜਾਬ ਸੱਭਿਆਚਾਰ ਦਾ ਅਸਲੀ ਰੰਗ ਢੰਗ ਕਿੱਥੇ ਵੇਖਣ ਨੂੰ ਮਿਲਦਾ ਹੈ?


ੲ) ਪੰਜਾਬੀ ਕਿਸ ਚੀਜ਼ ਦੇ ਬਹੁਤ ਸ਼ੁਕੀਨ ਹਨ?

ਸ) ਪੰਜਾਬ ਦੇ ਲੋਕ-ਨਾਚ, ਗਿੱਧਾ, ਭੰਗੜਾ, ਝੂਮਰ, ਕਿੱਕਲੀ ਕਿਸ ਦੇ ਮੁੱਖ ਅੰਗ ਹਨ?

ਹ) ਹਜ਼ਾਰਾਂ ਵਿੱਚ ਖੜ੍ਹਾ ਕੌਣ ਪਛਾਣਿਆ ਜਾਂਦਾ ਹੈ?

ਕ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

2) ਹੇਠ ਦਿੱਤੇ ਚਿੱਤਰ ਨੂੰ ਵੇਖ ਕੇ 50-60 ਸ਼ਬਦਾਂ ਵਿੱਚ ਵਰਣਨ ਕਰੋ। (4)



## ਵਿਆਕਰਨ

1) **ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲ ਕੇ ਲਿਖੋ:** (½×4=2)
ਦਿਓਰ, ਬੰਗਾਲੀ, ਚੰਮ, ਨਾਇਕ

2) **ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲ ਕੇ ਲਿਖੋ:** (½×4=2)
ਤੇਗ, ਕੱਦੂ, ਬਾਲੜੀ, ਗੂੰਗਾ

3) **ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ:** (½×4=2)
ਓਪਰਾ, ਕਮਜ਼ੋਰ, ਫੜਨਾ, ਕੋਮਲ

4) **ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:** (½×4=2)
ਮਨਜੂਰੀ, ਸਮਾਜਿਕ, ਵਿਯੋਗ, ਆਯਾ

5) **ਹੇਠ ਲਿਖੇ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ:** (1×2=2)
ਲਘੂ, ਇਕਰਾਰ

6) **ਹੇਠ ਲਿਖੇ ਅਗੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ:** (1×2=2)
ਪੜ, ਸਹਿ

7) **ਹੇਠ ਲਿਖੇ ਪਿਛੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ:** (1×2=2)
ਆੜੀ, ਖੋਰ

8) **ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ:** (1×2=2)
ੳ) ਜਿਹੜੀ ਚੀਜ਼ ਦੂਜੇ ਦੇਸਾਂ ਨੂੰ ਭੇਜੀ ਜਾਵੇ
ਅ) ਜਿਸ ਪਸ਼ੂ ਦੀ ਧਾਰ ਸੌਖੀ ਨਿਕਲੇ

9) **ਹੇਠ ਲਿਖੇ ਅਖਾਣ ਕਿਸ ਮੌਕੇ ਤੇ ਵਰਤੇ ਜਾਂਦੇ ਹਨ:** (1×2=2)
ੳ) ਉਚੀ ਦੁਕਾਨ ਫਿੱਕਾ ਪਕਵਾਨ
ਅ) ਸੱਪ ਦੇ ਮੂੰਹ ਕੋਹੜ ਕਿਰਲੀ

10) **ਹੇਠ ਲਿਖੇ ਬਹੁ-ਅਰਥਕ ਸ਼ਬਦ ਦੇ ਅਰਥ ਲਿਖ ਕੇ ਦੋ-ਦੋ ਵਾਕ ਬਣਾਉ:** (2×2=4)
ਪੱਟੀ, ਫੁੱਟ

11) **ਹੇਠਾਂ ਦਿੱਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ:**
ਝੋਲੀ ਚੁੱਕਣੀ, ਛਾਤੀ ਤੇ ਮੂੰਗ ਦਲਣਾ, ਫੂਕ ਨਿਕਲ ਜਾਣੀ, ਮੁੱਠੀ ਗਰਮ ਕਰਨੀ (1×4=4)

12) **ਹੇਠ ਲਿਖੇ ਵਾਕ ਵਿੱਚੋਂ ਵਿਸਮਿਕ ਸ਼ਬਦ ਚੁਣੋ ਤੇ ਉਸਦੀ ਕਿਸਮ ਵੀ ਲਿਖੋ:** (1)
ਆਓ ਜੀ ! ਲੰਘ ਆਓ।

13) **ਹੇਠ ਲਿਖੇ ਵਾਕ ਵਿੱਚੋਂ ਕਾਰਕ ਸ਼ਬਦ ਚੁਣੋ ਤੇ ਉਸਦੀ ਕਿਸਮ ਲਿਖੋ:** (1)
ਕਮਲ ਸਰੋਵਰ ਵਿੱਚ ਖਿੜਿਆ ਹੈ।

14) **ਹੇਠ ਲਿਖੇ ਵਾਕ ਨੂੰ ਵਿਸ਼ਰਾਮ ਚਿੰਨ੍ਹ ਲਗਾਓ:** (1)
ਸਰਪੰਚ ਨੇ ਕਿਹਾ ਨੌਜਵਾਨੋ ਪਿੰਡ ਦੀ ਪੱਤ ਰੱਖਣਾ

x4=2)

## ਪਾਠ ਪੁਸਤਕ ਤੇ ਅਧਾਰਿਤ

**1) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਦਿਓ। (ਕੋਈ ਛੇ):** **(6×1=6)**

ੳ) ਹਰੀ ਸਿੰਘ ਨਲਵਾ ਕਵਿਤਾ ਵਿੱਚ 'ਘਾਇਲ' ਸ਼ਬਦ ਕਿਸ ਲਈ ਵਰਤਿਆ ਗਿਆ ਹੈ?

ਅ) ਚੋਰ ਦਰਖਤ ਥੱਲੇ ਬੈਠੇ ਕੀ ਕਰ ਰਹੇ ਸਨ?

ੲ) ਲੇਖਕ ਕਿੰਨੇ ਸਾਲਾਂ ਤੋਂ ਇੰਟਰਵਿਊ ਦੀ ਤਿਆਰੀ ਕਰ ਰਿਹਾ ਸੀ?

ਸ) ਫੁਲਕਾਰੀਆਂ ਦਾ ਤੋਹਫਾ ਕਿਸ ਨੇ ਦਿੱਤਾ?

ਹ) ਨਰਿੰਦਰ ਸਿੰਘ ਕਪੂਰ ਦਾ ਸੰਬੰਧ ਕਿਸ ਜ਼ਿਲੇ ਨਾਲ ਹੈ?

ਕ) ਕੌਣ ਆਪਣੇ ਪਾਪਾ ਨੂੰ ਸਾਇਕਲ ਦੇਣ ਜਾ ਰਿਹਾ ਸੀ?

ਖ) 'ਮੁੜ ਆਖੀ' ਕਹਾਣੀ ਦੇ ਮੁੱਖ ਪਾਤਰ ਦਾ ਕੀ ਨਾਂ ਹੈ?

**2) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 5 – 6 ਸਤਰਾਂ ਵਿੱਚ ਦਿਉ: (ਕੋਈ ਪੰਜ)** **(5×2=10)**

ੳ) ਬਿਕਰਮ ਪਾਲ ਦੇ ਰਾਜ ਵਿੱਚ ਲੋਕ ਦੁੱਖੀ ਕਿਉਂ ਸਨ?

ਅ) 'ਆਪਣੇ ਪਰਾਏ' ਕਹਾਣੀ ਦਾ ਉਦੇਸ਼ ਕੀ ਹੈ?

ੲ) ਸ. ਬਹਾਦਰ ਸਿੰਘ ਨੇ ਕਿਸ-ਕਿਸ ਦੀ ਮਦਦ ਕੀਤੀ ਤੇ ਇਸ ਦਾ ਕੀ ਕਾਰਨ ਸੀ?

ਸ) ਪੇਂਡੂ ਸੱਭਿਅਤਾ ਦਾ ਅਜਾਇਬ ਘਰ ਲਈ ਮਹਿੰਦਰ ਸਿੰਘ ਰੰਧਾਵਾ ਦਾ ਕੀ ਯੋਗਦਾਨ ਹੈ?

ਹ) 'ਅਸੀਂ ਖੇਡਣਾ ਚਾਹੁੰਦੇ ਹਾਂ' ਨਾਟਕ ਵਿੱਚ ਤੁਹਾਡੀ ਹਮਦਰਦੀ ਕਿਨ੍ਹਾਂ ਪਾਤਰਾਂ ਨਾਲ ਹੈ ਤੇ ਕਿਉਂ?

ਕ) ਪੇਂਡੂ ਸਭਿਅਤਾ ਤੋਂ ਤੁਸੀਂ ਕੀ ਸਮਝਦੇ ਹੋ?

**3) ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਉ:** **(5×1=5)**

ਚੁਬਾਰਾ, ਕਚਹਿਰੀ, ਫੱਟ, ਪਦਵੀ, ਵਿਓਂਤ

**4) ਹੇਠ ਲਿਖੀਆਂ ਕਾਵਿ ਟੋਟੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ:** **(3×1=3)**

ਸਿਰ ਤੋਂ ਪੈਰ ਤੀਕਣ ਡੁੱਬਾ ਖੂਨ ਦੇ ਵਿੱਚ,
ਸਾਵਣ ਮਾਹ ਦੀ ਜਿਵੇ ਫੁਆਰ ਯਾਰੋ
ਆਖੇ ਨਾਲ ਇਸ਼ਾਰਤਾਂ ਲਾਹੋ ਮੈਨੂੰ
ਤਾਕਤ ਰਹੀ ਨਾ ਵਿੱਚ ਗੁਫਤਾਰ ਯਾਰੋ

ੳ) ਉਪਰੋਕਤ ਕਾਵਿ ਟੋਟਾ ਕਿਸ ਕਵਿਤਾ ਵਿੱਚੋਂ ਲਿਆ ਗਿਆ ਹੈ ਤੇ ਇਸ ਦੇ ਕਵੀ ਕੌਣ ਹਨ?

ਅ) ਕੌਣ ਖ਼ੂਨ ਨਾਲ ਲੱਥਪੱਥ ਹੈ?

ੲ) 'ਗੁਫ਼ਤਾਰ' ਸ਼ਬਦ ਦਾ ਕੀ ਅਰਥ ਹੈ?

5) **ਹੇਠ ਲਿਖੇ ਵਾਰਤਾਲਾਪ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ:** (3×1=3)

"ਬਈ ਦੋਸਤੋ ਮੈਂ ਤੁਹਾਡੇ ਜਿੰਨਾ ਹੁਨਰਮੰਦ ਤਾਂ ਨਹੀਂ ਪਰ ਇੱਕ ਗੱਲ ਜ਼ਰੂਰ ਹੈ, ਮੇਰੀ ਕਰਾਮਾਤ ਇਸ ਦਾੜ੍ਹੀ ਵਿੱਚ ਹੈ ਜੇ ਮੈਂ ਇਸ ਨੂੰ ਹਿਲਾ ਦਿਆ ਤਾਂ ਮੌਤ ਦੀ ਸਜ਼ਾ ਵੀ ਮਾਫ਼ ਹੋ ਜਾਂਦੀ ਹੈ।"

ੳ) ਇਹ ਵਾਰਤਾਲਾਪ ਕਿਸ ਕਹਾਣੀ ਦਾ ਹਿੱਸਾ ਹੈ ਤੇ ਇਸ ਦੇ ਲੇਖਕ ਦਾ ਨਾਂ ਕੀ ਹੈ?

ਅ) ਕਿਸ ਦੀ ਦਾੜ੍ਹੀ ਵਿੱਚ ਕਰਾਮਾਤ ਸੀ?

ੲ) 'ਹੁਨਰਮੰਦ' ਸ਼ਬਦ ਦਾ ਅਰਥ ਦੱਸੋ।

## ਲਿਖਣ-ਕੌਸ਼ਲ

1) **ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ।** (8)

**ਸ਼ਹੀਦ ਭਗਤ ਸਿੰਘ**

ਨੁਕਤੇ -

ਜਾਣ-ਪਛਾਣ, ਜਨਮ ਤੇ ਮਾਤਾ-ਪਿਤਾ, ਵਿੱਦਿਆ ਪ੍ਰਾਪਤੀ, ਰਾਜਸੀ ਜੀਵਨ, ਲਾਲਾ ਲਾਜਪਤ ਰਾਏ ਦੀ ਮੌਤ ਦਾ ਬਦਲਾ, ਅਸੈਂਬਲੀ ਵਿੱਚ ਬੰਬ ਸੁੱਟਣਾ, ਮੁਕੱਦਮਾ ਚੱਲਣਾ ਤੇ ਫਾਂਸੀ ਦੀ ਸਜ਼ਾ, ਸਾਰੰਸ਼।

**ਜਾਂ**

**ਦਾਜ ਦੀ ਸਮੱਸਿਆ**

ਨੁਕਤੇ -

ਜਾਣ-ਪਛਾਣ, ਦਾਜ ਦਾ ਅਰੰਭ, ਦਾਜ ਦਾ ਅਜੋਕਾ ਰੂਪ, ਦਾਜ ਦੇ ਭਿਆਨਕ ਨਤੀਜੇ, ਦਾਜ ਦੇ ਵਾਧੇ ਦੇ ਕਾਰਨ, ਦਾਜ ਪ੍ਰਥਾ ਕਿਵੇਂ ਖ਼ਤਮ ਹੋਵੇ, ਸਾਰੰਸ਼।

2) **ਕੋਈ ਇੱਕ ਪੱਤਰ ਲਿਖੋ।** (6)

ਤੁਹਾਡਾ ਮੋਟਰ ਸਾਇਕਲ ਚੋਰੀ ਹੋ ਗਿਆ ਹੈ ਇਸ ਦੀ ਰਿਪੋਰਟ ਨੇੜੇ ਦੇ ਥਾਣੇ ਵਿੱਚ ਦਰਜ ਕਰਵਾਓ।

**ਜਾਂ**

ਆਪਣੀ ਵੱਡੀ ਭੈਣ ਨੂੰ ਪੱਤਰ ਲਿਖ ਕੇ ਆਪਣੀ ਧਾਰਮਿਕ ਅਸਥਾਨ ਦੀ ਯਾਤਰਾ ਦਾ ਹਾਲ ਦੱਸੋ।

# BUDHA DAL PUBLIC SCHOOL PATIALA

## Final Examination (22 March 2025)

**Class - VIII**
**Paper - Punjabi**
**Set - B**

**Time: 3 hrs.** **MM: 80**

ਨੋਟ: ਲਿਖਾਈ ਸ਼ੁੱਧ, ਸੁੰਦਰ ਅਤੇ ਖੁੱਲ੍ਹੀ - ਖੁੱਲ੍ਹੀ ਕਰਨ ਦਾ ਜਤਨ ਕਰੋ।

ਪੜ੍ਹਨ-ਕੌਸ਼ਲ

1) ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ: (6)

ਪਰਮਾਤਮਾ ਹਰੇਕ ਦੇ ਹਿਰਦੇ ਵਿੱਚ ਵੱਸਦਾ ਹੈ। ਜਦੋਂ ਵੀ ਕੋਈ ਪਰਮਾਤਮਾ ਨੂੰ ਯਾਦ ਕਰਦਾ ਹੈ ਤਾਂ ਉਹ ਉਸ ਦੇ ਹਿਰਦੇ ਵਿੱਚ ਪ੍ਰਤੱਖ ਹੁੰਦਾ ਹੈ। ਉਸ ਨੂੰ ਪਰਮਾਤਮਾ ਕਿਸੇ ਤਰ੍ਹਾਂ ਵੀ ਆਚਰਨ ਪੱਖੋਂ ਡਿੱਗਣ ਨਹੀਂ ਦਿੰਦਾ। ਹਰ ਔਖੇ ਮੌਕੇ 'ਤੇ ਉਸ ਦੀ ਰੱਖਿਆ ਕਰਦਾ ਹੈ, ਉਸ ਦੇ ਨਾਲ ਰਹਿੰਦਾ ਹੈ। ਜਦੋਂ ਮਨੁੱਖ ਆਚਰਨ ਕਰਕੇ ਗਿਰਨ ਲੱਗਦੇ ਹਨ ਤਾਂ ਇਹ ਸਾਡੇ ਜੀਵਨ ਵਿੱਚ ਸਭ ਤੋਂ ਔਖੇ ਮੌਕੇ ਹੁੰਦੇ ਹਨ। ਪਰਮਾਤਮਾ ਦਾ ਸਿਮਰਨ ਐਸੀਆਂ ਔਖੀਆਂ ਘੜੀਆਂ ਤੋਂ ਸਾਡੀ ਰਖਵਾਲੀ ਕਰਦਾ ਹੈ। ਉਹ ਸਾਨੂੰ ਸ਼ਕਤੀ ਦਿੰਦਾ ਹੈ। ਫਿਰ ਅਸੀਂ ਕ੍ਰੋਪ, ਲਾਲਚ ਅਤੇ ਬੁਰਾਈ ਨੂੰ ਤਿਆਗ ਦਿੰਦੇ ਹਾਂ। ਅਸੀਂ ਨਿਮਰ ਹੋ ਜਾਂਦੇ ਹਾਂ। ਭਗਤੀ ਦਾ ਫ਼ਲ ਸ਼ਕਤੀ ਹੈ ਅਤੇ ਸ਼ਕਤੀ ਮਨੁੱਖਤਾ ਅਤੇ ਸਮਾਜ ਲਈ ਕਲਿਆਣਕਾਰੀ ਹੁੰਦੀ ਹੈ। ਇਹ ਆਤਮਕ ਸ਼ਕਤੀ ਹੁੰਦੀ ਹੈ। ਇਹੋ ਸਾਨੂੰ ਨੇਕ ਮਨੁੱਖ ਬਣਾ ਕੇ ਬੁਰੇ ਕੰਮਾਂ ਤੋਂ ਬਚਾਉਂਦੀ ਹੈ। ਪਰਮਾਤਮਾ ਤੋਂ ਵੱਡਾ ਹੋਰ ਕੁਝ ਵੀ ਨਹੀਂ। ਉਸ ਦਾ ਆਸਰਾ ਲੈਣ ਵਾਲੇ ਕਦੇ ਵੀ ਨਹੀਂ ਡੋਲਦੇ।

ੳ) ਪਰਮਾਤਮਾ ਕਿੱਥੇ ਵੱਸਦਾ ਹੈ?
ਅ) ਪਰਮਾਤਮਾ ਕਿਸ ਮੌਕੇ ਤੇ ਸਾਡੀ ਰੱਖਿਆ ਕਰਦਾ ਹੈ?
ੲ) ਪਰਮਾਤਮਾ ਦੇ ਸਿਮਰਨ ਨਾਲ ਅਸੀਂ ਕਿਹੜੀਆਂ ਬੁਰਾਈਆਂ ਤਿਆਗ ਦਿੰਦੇ ਹਾਂ?
ਸ) ਸ਼ਕਤੀ ਕਿਸ ਲਈ ਕਲਿਆਣਕਾਰੀ ਹੈ?
ਹ) ਆਤਮਕ ਸ਼ਕਤੀ ਨਾਲ ਸਾਡਾ ਕੀ ਭਲਾ ਹੁੰਦਾ ਹੈ?
ਕ) ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

2) ਹੇਠ ਦਿੱਤੇ ਚਿੱਤਰ ਨੂੰ ਵੇਖ ਕੇ 50-60 ਸ਼ਬਦਾਂ ਵਿੱਚ ਵਰਣਨ ਕਰੋ। (4)



## ਵਿਆਕਰਨ

1) **ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲ ਕੇ ਲਿਖੋ:** (½×4=2)
ਮਹੰਤ, ਲੂੰਬੜ, ਕੁੜਮ, ਹਾਣੀ

2) **ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲ ਕੇ ਲਿਖੋ:** (½×4=2)
ਤੁਹਾਡਾ, ਸੌਂਕਣ, ਚਾਲੂ, ਸਜ਼ਾ

3) **ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ:** (½×4=2)
ਆਪਣਾ, ਗੁਣ, ਚੜ੍ਹਾਈ, ਮੰਗਤਾ

4) **ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:** (½×4=2)
ਸਕਤੀ, ਖੁੱਲਾ, ਲੈਹਰ, ਪਰੀਤਮ

5) **ਹੇਠ ਲਿਖੇ ਸ਼ਬਦਾਂ ਦੇ ਦੋ-ਦੋ ਸਮਾਨਾਰਥਕ ਸ਼ਬਦ ਲਿਖੋ:** (1×2=2)
ਸੰਗ, ਹਉਮੈ

6) **ਹੇਠ ਲਿਖੇ ਅਗੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ:** (1×2=2)
ਦੁਰ, ਵਿ

7) **ਹੇਠ ਲਿਖੇ ਪਿਛੇਤਰ ਸ਼ਬਦ ਲਗਾ ਕੇ ਦੋ-ਦੋ ਸਾਰਥਕ ਸ਼ਬਦ ਬਣਾਓ:** (1×2=2)
ਆਣੀ, ਦਾਨ

8) **ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ:** (1×2=2)
ੳ) ਇੱਕੋ ਸਮੇਂ ਹੋਏ ਮਨੁੱਖ
ਅ) ਪਹਿਲਵਾਨਾਂ ਦੇ ਘੋਲ ਕਰਨ ਦੀ ਥਾਂ

9) **ਹੇਠ ਲਿਖੇ ਅਖਾਣ ਕਿਸ ਮੌਕੇ ਤੇ ਵਰਤੇ ਜਾਂਦੇ ਹਨ:** (1×2=2)
ੳ) ਸਾਈਆਂ ਕਿਤੇ ਵਧਾਈਆਂ ਕਿਤੇ
ਅ) ਆਪਣੀ ਗਲੀ ਵਿੱਚ ਕੁੱਤਾ ਵੀ ਸ਼ੇਰ ਹੁੰਦਾ ਹੈ

10) **ਹੇਠ ਲਿਖੇ ਬਹੁ-ਅਰਥਕ ਸ਼ਬਦ ਦੇ ਅਰਥ ਲਿਖ ਕੇ ਦੋ-ਦੋ ਵਾਕ ਬਣਾਉ:** (2×2=4)
ਹਾਲ, ਡੰਡੀ

11) **ਹੇਠਾਂ ਦਿੱਤੇ ਮੁਹਾਂਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਉਹਨਾਂ ਦੇ ਅਰਥ ਸਪੱਸ਼ਟ ਹੋ ਜਾਣ:**
ਧੱਕਾ ਕਰਨਾ, ਤੀਰ ਹੋ ਜਾਣਾ, ਝੱਗ ਵਾਂਗ ਬੈਠ ਜਾਣਾ, ਘਿਓ ਖਿਚੜੀ ਹੋਣਾ (1×4=4)

12) **ਹੇਠ ਲਿਖੇ ਵਾਕ ਵਿੱਚੋਂ ਵਿਸਮਿਕ ਸ਼ਬਦ ਚੁਣੋ ਤੇ ਉਸਦੀ ਕਿਸਮ ਵੀ ਲਿਖੋ:** (1)
ਦਫ਼ਾ ਹੋ ! ਇੱਥੇ ਨਾ ਆਈ।

13) **ਹੇਠ ਲਿਖੇ ਵਾਕ ਵਿੱਚੋਂ ਕਾਰਕ ਸ਼ਬਦ ਚੁਣੋ ਤੇ ਉਸਦੀ ਕਿਸਮ ਲਿਖੋ:** (1)
ਹੇ ਰੱਬਾ! ਮੀਂਹ ਵਸਾ।

14) **ਹੇਠ ਲਿਖੇ ਵਾਕ ਨੂੰ ਵਿਸ਼ਰਾਮ ਚਿੰਨ੍ਹ ਲਗਾਓ:** (1)
ਬਜ਼ਾਰੋਂ ਇਹ ਚੀਜ਼ਾਂ ਲੈ ਆਓ ਦਾਲਾਂ ਚੌਲ ਆਟਾ ਮੱਖਣ ਆਦਿ

## ਪਾਠ ਪੁਸਤਕ ਤੇ ਅਧਾਰਿਤ

1) **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਦਿਓ। (ਕੋਈ ਛੇ):** (6×1=6)

ੳ) ਹਰੀ ਸਿੰਘ ਨਲੂਏ ਦੀ ਬਹਾਦਰੀ ਦੀ ਸਿਫ਼ਤ ਕੌਣ ਕਰਦਾ ਹੈ?

ਅ) ਬਿਕਰਮ ਪਾਲ ਨੇ ਕਿਹੜਾ ਭੇਸ ਬਣਾਇਆ?

ੲ) 'ਮੁੜ ਆਖੀ' ਕਹਾਣੀ ਵਿੱਚ ਮੁੱਖ ਪਾਤਰ ਦਾ ਸੰਬੰਧ ਕਿਸ ਬਰਾਦਰੀ ਨਾਲ ਹੈ?

ਸ) ਡਾ. ਮਹਿੰਦਰ ਸਿੰਘ ਰੰਧਾਵਾ ਜੀ ਪੰਜਾਬੀ ਐਗਰੀਕਲਚਰ ਯੂਨੀਵਰਸਿਟੀ ਦੇ ਕਿਸ ਅਹੁਦੇ ਤੇ ਕੰਮ ਕਰਦੇ ਸਨ?

ਹ) ਦੁਨੀਆਂ ਵਿੱਚ ਬਦਾਮ ਦਾ ਬਾਦਸ਼ਾਹ ਕਿਸ ਨੂੰ ਕਿਹਾ ਜਾਂਦਾ ਹੈ?

ਕ) 'ਅਸੀ ਖੇਡਣਾ ਚਾਹੁੰਦੇ ਹਾਂ' ਨਾਟਕ ਦਾ ਲੇਖਕ ਕੌਣ ਹੈ?

ਖ) ਚੋਰ ਚੰਦਰ ਕੀ ਜਾਣਦਾ ਹੈ?

2) **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 5 – 6 ਸਤਰਾਂ ਵਿੱਚ ਦਿਉ: (ਕੋਈ ਪੰਜ)** (5×2=10)

ੳ) ਲੇਖਕ ਕਿੱਥੇ ਠਹਿਰਿਆ ਹੋਇਆ ਸੀ ਉਹ ਇਸ ਥਾਂ ਤੇ ਕਿਉਂ ਤੇ ਕਿਵੇਂ ਆਇਆ?

ਅ) ਅਜਾਇਬ ਘਰ ਤੋਂ ਤੁਸੀਂ ਕੀ ਸਮਝਦੇ ਹੋ?

ੲ) ਪੰਜਾਬ ਵਿੱਚੋਂ ਵਿਦਿਆਰਥੀਆਂ ਦੇ ਪ੍ਰਵਾਸ ਦੇ ਕੀ ਕਾਰਨ ਹਨ?

ਸ) 'ਅਸੀਂ ਖੇਡਣਾ ਚਾਹੁੰਦੇ ਹਾਂ' ਨਾਟਕ ਵਿੱਚ ਕਿਸ ਸਮੱਸਿਆ ਬਾਰੇ ਗੱਲ ਕੀਤੀ ਗਈ ਹੈ?

ਹ) ਤਿੰਨ ਚੋਰਾਂ ਵਿੱਚ ਕੀ-ਕੀ ਕਰਨ ਦਾ ਹੁਨਰ ਸੀ?

ਕ) ਹਰੀ ਸਿੰਘ ਨਲੂਆ ਕੌਣ ਸੀ ਤੇ ਉਸ ਦਾ ਨਾਂ ਕਿਉਂ ਪ੍ਰਸਿੱਧ ਹੈ?

3) **ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਉ:** (5×1=5)

ਅਸਵਾਰ, ਕਚਹਿਰੀ, ਭਰਾਤਰੀ, ਪੰਘੂੜਾ, ਪਰਛਾਵਾਂ

4) **ਹੇਠ ਲਿਖੀਆਂ ਕਾਵਿ ਟੋਟੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ:.** (3×1=3)

ਫ਼ੌਜਾਂ ਸਿੱਖਾਂ ਦੀਆਂ ਵਿੱਚੋਂ ਗੁਜ਼ਰ ਗਿਆ
ਲੰਘ ਗਿਆ ਸੀ ਲਸ਼ਕਰ ਪਠਾਣ ਵਿੱਚੋਂ
ਕਾਦਰਯਾਰ ਹਠ ਨਾਲ ਸਰਦਾਰ ਬੈਠਾ
ਐਪਰ ਨਿਕਲਦੀ ਪਈ ਜਾਨ ਵਿੱਚੋਂ

ੳ) ਹਠ ਨਾਲ ਘੋੜੇ ਤੇ ਕੌਣ ਬੈਠਾ ਰਿਹਾ?

ਅ) ਕਾਦਰਯਾਰ ਸ਼ਬਦ ਕਿਸ ਲਈ ਵਰਤਿਆ ਗਿਆ ਹੈ?

ੲ) 'ਲਸ਼ਕਰ' ਸ਼ਬਦ ਦਾ ਕੀ ਅਰਥ ਹੈ?

**5) ਹੇਠ ਲਿਖੇ ਵਾਰਤਾਲਾਪ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ:** (3×1=3)

"ਹਜ਼ੂਰ ਹੁਣ ਅਸੀਂ ਸਮਝ ਗਏ ਹਾਂ ਕਿ ਉਹ ਕੁੱਤੇ ਠੀਕ ਹੀ ਰਹਿ ਰਹੇ ਸਨ। ਤੁਸੀਂ ਸਾਡਾ ਹੁਨਰ ਤਾਂ ਦੇਖ ਹੀ ਚੁੱਕੇ ਹੋ ਹੁਣ ਜਰਾ ਆਪਣਾ ਹੁਨਰ ਵੀ ਦਿਖਾ ਦਿਓ।"

ੳ) ਇਹ ਵਾਰਤਾਲਾਪ ਕਿਸ ਕਹਾਣੀ ਦਾ ਹਿੱਸਾ ਹੈ ਤੇ ਇਸ ਦੇ ਲੇਖਕ ਦਾ ਨਾਂ ਕੀ ਹੈ?

ਅ) ਕੌਣ ਕਿਸ ਦਾ ਹੁਨਰ ਦੇਖ ਚੁੱਕਾ ਸੀ?

ੲ) ਕੌਣ ਕਿਸ ਨੂੰ ਉਸਦਾ ਹੁਨਰ ਦਿਖਾਣ ਲਈ ਕਹਿ ਰਿਹਾ ਸੀ?

## ਲਿਖਣ-ਕੌਸ਼ਲ

**1) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ।** (8)

**ਭ੍ਰਿਸ਼ਟਾਚਾਰ**

ਨੁਕਤੇ -

ਜਾਣ-ਪਛਾਣ, ਭ੍ਰਿਸ਼ਟਾਚਾਰ ਇੱਕ ਬਿਮਾਰੀ, ਭ੍ਰਿਸ਼ਟਾਚਾਰ ਦੀ ਜ਼ਿੰਮੇਵਾਰੀ, ਭ੍ਰਿਸ਼ਟਾਚਾਰ ਦਾ ਅੱਜ ਦੇ ਸਮੇਂ ਤੇ ਅਸਰ, ਅਲੱਗ-ਅਲੱਗ ਵਿਭਾਗਾਂ ਵਿੱਚ ਭ੍ਰਿਸ਼ਟਾਚਾਰ, ਅੱਜ ਅਤੇ ਕੱਲ੍ਹ 'ਤੇ ਭ੍ਰਿਸ਼ਟਾਚਾਰ ਦਾ ਅਸਰ, ਸਾਰੰਸ਼।

**ਜਾਂ**

**ਗੁਰੂ ਅਰਜਨ ਦੇਵ ਜੀ**

ਨੁਕਤੇ -

ਜਾਣ-ਪਛਾਣ, ਜਨਮ ਤੇ ਬਚਪਨ, ਸਿੱਖਿਆ, ਗੁਰਗੱਦੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਥਾਪਨਾ, ਸ੍ਰੀ ਹਰਿਮੰਦਰ ਸਾਹਿਬ ਜੀ ਦੀ ਉਸਾਰੀ, ਆਤਮ ਬਲੀਦਾਨ, ਸਾਰੰਸ਼।

**2) ਕੋਈ ਇੱਕ ਪੱਤਰ ਲਿਖੋ।** (6)

ਆਪਣੇ ਇਲਾਕੇ ਵਿੱਚ ਜ਼ਿਆਦਾ ਬਿਜਲੀ ਕੱਟ ਲੱਗਣ ਦੀ ਸ਼ਿਕਾਇਤ ਬਿਜਲੀ ਅਧਿਕਾਰੀ ਨੂੰ ਕਰੋ।

**ਜਾਂ**

ਆਪਣੇ ਮਾਤਾ ਜੀ ਨੂੰ ਸਕੂਲ ਦੇ ਵਿਦਿਆਰਥੀਆਂ ਨਾਲ ਕੀਤੀ ਸ਼ਿਮਲੇ ਦੀ ਸੈਰ ਬਾਰੇ ਲਿਖੋ।